ਪਰਿਵਾਰਕ ਸਰੋਤ

# ਸੁਰੱਖਿਆ ਅਤੇ ਭਲਾਈ ਵੱਲ ਸਾਡੀ ਯਾਤਰਾ

ਬਾਲ ਅਤੇ ਪਰਿਵਾਰਕ ਸਹਾਇਤਾ ਸੇਵਾਵਾਂ ਦੇ ਨਾਲ ਕੰਮ ਕਰ ਰਹੇ ਪਰਿਵਾਰ

## 1. ਬਾਲ ਅਤੇ ਪਰਿਵਾਰਕ ਸਹਾਇਤਾ ਸੇਵਾਵਾਂ ਦੇ ਨਾਲ ਕੰਮ ਕਰ ਰਹੇ ਪਰਿਵਾਰ

ਕੋਈ ਤੁਹਾਡੇ ਪਰਿਵਾਰ ਅਤੇ ਤੁਹਾਡੇ ਬੱਚਿਆਂ ਦੀ ਸੁਰੱਖਿਆ ਬਾਰੇ ਚਿੰਤਤ ਹੈ।

## 2. ਸਿਫ਼ਾਰਸ਼ ਕੀਤੀ ਜਾਂਦੀ ਹੈ

ਤੁਹਾਡੇ ਬੱਚਿਆਂ ਨੂੰ ਘਰ ਵਿਖੇ ਸੁਰੱਖਿਅਤ ਰੱਖਣ ਵਿੱਚ ਮਦਦ ਕਰਨ ਲਈ ਤੁਹਾਡੇ ਪਰਿਵਾਰ ਨੂੰ ਸਹੀ ਸਹਾਇਤਾ ਸੇਵਾ ਨਾਲ ਜੋੜਨ ਲਈ ਸਿਫ਼ਾਰਸ਼ ਕੀਤੀ ਜਾਂਦੀ ਹੈ।

## 3. ਬਾਲ ਅਤੇ ਪਰਿਵਾਰਕ ਸਹਾਇਤਾ ਸੇਵਾ ਨਾਲ ਜੋੜਿਆ ਜਾਂਦਾ ਹੈ

ਤੁਹਾਡੀਆਂ ਲੋੜਾਂ ਨਾਲ ਮੇਲ ਖਾਂਦੀ ਬਾਲ ਅਤੇ ਪਰਿਵਾਰਕ ਸਹਾਇਤਾ ਸੇਵਾ ਲੱਭੀ ਜਾਂਦੀ ਹੈ।

## 4. ਬੱਚੇ ਅਤੇ ਪਰਿਵਾਰਕ ਸਹਾਇਤਾ ਸੇਵਾ ਨਾਲ ਰਲ ਕੇ ਕੰਮ ਕਰਨਾ ਸ਼ੁਰੂ ਕਰੋ

ਅਸੀਂ ਤੁਹਾਡੇ ਪਰਿਵਾਰ ਨਾਲ – ਤੁਹਾਡੇ ਬੱਚਿਆਂ ਸਮੇਤ – ਇਸ ਬਾਰੇ ਗੱਲ ਕਰਾਂਗੇ ਕਿ ਅਸੀਂ ਉਹਨਾਂ ਦੀ ਸੁਰੱਖਿਆ ਅਤੇ ਭਲਾਈ ਵਿੱਚ ਕਿਵੇਂ ਮਦਦ ਕਰ ਸਕਦੇ ਹਾਂ। ਅਸੀਂ ਤੁਹਾਡੇ ਪਰਿਵਾਰ ਦੀ ਕਹਾਣੀ, ਸ਼ਕਤੀਆਂ, ਚਿੰਤਾਵਾਂ ਅਤੇ ਉਮੀਦਾਂ ਨੂੰ ਸੁਣਾਂਗੇ।

## 5. ਸੁਰੱਖਿਆ ਯੋਜਨਾਬੰਦੀ

ਇਕੱਠਿਆਂ ਮਿਲ ਕੇ ਅਸੀਂ ਉਨ੍ਹਾਂ ਕਾਰਵਾਈਆਂ ਦੀ ਯੋਜਨਾ ਬਣਾਵਾਂਗੇ ਜਿੰਨ੍ਹਾਂ ਦੀ ਤੁਹਾਡੇ ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਵਿੱਚ ਵਾਧਾ ਕਰਨ ਲਈ ਹੁਣੇ ਕਰਨ ਦੀ ਲੋੜ ਹੈ।

## 6. ਰਲ ਕੇ ਕੰਮ ਕਰਨਾ

ਇਹ ਯਕੀਨੀ ਬਣਾਉਣ ਲਈ ਕਿ ਤੁਹਾਡੇ ਬੱਚੇ ਅਤੇ ਪਰਿਵਾਰ ਸੁਰੱਖਿਅਤ ਅਤੇ ਠੀਕ ਹਨ, ਤੁਹਾਡੇ ਪਰਿਵਾਰ ਦੇ ਟੀਚਿਆਂ ਨੂੰ ਮਿਥਣ ਅਤੇ ਇਨ੍ਹਾਂ ‘ਤੇ ਕੰਮ ਕਰਨ ਲਈ ਅਸੀਂ ਬਕਾਇਦਾ ਤੁਹਾਡੇ ਪਰਿਵਾਰ ਨੂੰ ਮਿਲਾਂਗੇ – ਜਿਸ ਵਿੱਚ ਤੁਹਾਡੇ ਬੱਚੇ ਵੀ ਸ਼ਾਮਲ ਹਨ। ਜਿਵੇਂ-ਜਿਵੇਂ ਤਰੱਕੀ ਹੁੰਦੀ ਹੈ ਜਾਂ ਜਦੋਂ ਲੋੜਾਂ ਬਦਲਦੀਆਂ ਹਨ, ਤੁਹਾਡੇ ਪਰਿਵਾਰ ਦੇ ਟੀਚਿਆਂ ਅਤੇ ਕਾਰਵਾਈਆਂ ਨੂੰ ਨਵਿਆਇਆ ਜਾ ਸਕਦਾ ਹੈ।

## 7. ਟੀਚੇ ਪੂਰੇ ਹੋਏ

ਤੁਹਾਡੇ ਨਾਲ ਇਕੱਠਾ ਸਮਾਂ ਬਿਤਾਉਣ ਦੇ ਅਖੀਰ ‘ਤੇ, ਅਸੀਂ ਤੁਹਾਡੇ ਪਰਿਵਾਰ ਦੁਆਰਾ ਕੀਤੀ ਗਈ ਤਰੱਕੀ ਬਾਰੇ ਵਿਚਾਰ ਕਰਾਂਗੇ, ਅਤੇ ਇਹ ਯਕੀਨੀ ਬਣਾਵਾਂਗੇ ਕਿ ਤੁਹਾਡਾ ਪਰਿਵਾਰ ਇਨ੍ਹਾਂ ਉਸਾਰੂ ਤਬਦੀਲੀਆਂ ਨੂੰ ਬਣਾਈ ਰੱਖਣ ਲਈ ਕਿਸੇ ਹੋਰ ਮਦਦਗਾਰੀ ਸੇਵਾਵਾਂ ਜਾਂ ਭਾਈਚਾਰਕ ਸਹਾਇਤਾ ਨਾਲ ਜੁੜਿਆ ਹੋਇਆ ਹੈ।

2025 DHS-328
Government of South Australia
human services
PUNJABI